ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਪ੍ਰਿਤਪਾਲ ਸਿੰਘ ਟਿਵਾਣਾ ਦੀ ਪ੍ਰਧਾਨਗੀ ਅਤੇ ਜੰਗਪਾਲ ਸਿੰਘ ਕੋਟਕਪੂਰਾ ਦੀ ਸਰਪ੍ਰਸਤੀ ਹੇਠ ਸੀਨੀਅਰ ਅਰਥ ਸ਼ਾਸਤਰੀ ਸਰਦਾਰ ਸੁੱਚਾ ਸਿੰਘ ਗਿੱਲ ਦੀ ਲਿਖੀ ਪੁਸਤਕ "ਪਾਣੀਆਂ ਦੇ ਮਸਲੇ ਅਤੇ ਸੁੱਕਦਾ ਡੁੱਬਦਾ ਪੰਜਾਬ" ਦਾ ਲੋਕ ਅਰਪਣ

ਪਿਛਲੇ ਐਤਵਾਰ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਗੋਲਡਨ ਕਰੀ ਰੈਸਟੋਰੈਂਟ ਕੈਂਟ ਦੇ ਹਾਲ ਵਿੱਚ ਪ੍ਰਿਤਪਾਲ ਸਿੰਘ ਟਿਵਾਣਾ ਦੀ ਪ੍ਰਧਾਨਗੀ ਅਤੇ ਜੰਗਪਾਲ ਸਿੰਘ ਕੋਟਕਪੂਰਾ ਦੀ ਸਰਪ੍ਰਸਤੀ ਹੇਠ ਸੀਨੀਅਰ ਅਰਥ ਸ਼ਾਸਤਰੀ ਸਰਦਾਰ ਸੁੱਚਾ ਸਿੰਘ ਗਿੱਲ ਦੀ ਲਿਖੀ ਪੁਸਤਕ " ਪਾਣੀਆਂ ਦੇ ਮਸਲੇ ਅਤੇ ਸੁੱਕਦਾ ਡੁੱਬਦਾ ਪੰਜਾਬ " ਦਾ ਲੋਕ ਅਰਪਣ ਸਮਾਗਮ ਵੱਡੇ ਭਾਰੀ ਇਕੱਠ ਵਿੱਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪਾਣੀਆਂ ਦੇ ਮਸਲੇ ਦੀ ਗੰਭੀਰਤਾ ਤੇ ਵਿਚਾਰ ਚਰਚਾ ਵਿੱਚ ਬਹੁਤ ਸੂਝਵਾਨ ਵਿਅਕਤੀਆਂ ਨੇ ਹਿੱਸਾ ਲਿਆ। ਕਿਤਾਬ ਨੂੰ ਬਹੁਤ ਹੀ ਧਿਆਨ ਨਾਲ ਪੜ੍ਹ ਕੇ ਸੰਖੇਪ ਵਿੱਚ ਲਿਖ ਕੇ ਸਰਦਾਰ ਜੰਗਪਾਲ ਸਿੰਘ ਕੋਟਕਪੂਰਾ ਨੇ ਆਪਣੇ ਵਿਚਾਰਾਂ ਸਹਿਤ ਪੇਸ਼ ਕੀਤਾ। ਮਨਜੀਤ ਕੌਰ ਕੋਟਕਪੂਰਾ ਨੇ ਵੀ ਇਸ ਕਿਤਾਬ ਵਿੱਚੋਂ ਜਾਣਕਾਰੀ ਸਾਂਝੀ ਕੀਤੀ। ਸਭਾ ਦੇ ਖਜਾਨਚੀ ਬਲਿਹਾਰ ਲੇਹਲ ਨੇ ਖੋਜ ਭਰਪੂਰ ਲਿਖਤ ਬਾਰੇ ਜਾਣਕਾਰੀ ਸਾਂਝੀ ਕੀਤੀ।ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਸਰਦਾਰ ਗੁਰਦੀਪ ਸਿੰਘ ਸਿੱਧੂ ਨੇ ਵੀ ਪਾਣੀਆਂ ਦੀ ਸਮੱਸਿਆ ਬਾਰੇ ਬਹੁਤ ਹੀ ਵਧੀਆ ਢੰਗ ਨਾਲ ਜਾਣਕਾਰੀ ਪੇਸ਼ ਕੀਤੀ।ਇਹਨਾ ਤੋਂ ਇਲਾਵਾ ਚਰਨਜੀਤ ਸਿੰਘ ਧਾਲੀਵਾਲ ਅਤੇ ਤਰਲੋਕ ਸਿੰਘ ਭਾਰਦਵਾਜ ਨੇ ਵੀ ਪਾਣੀ ਦੀ ਸਮੱਸਿਆ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਭੁਪਿੰਦਰ ਸਿੰਘ ਪੰਧੇਰ ਨੇ ਕਵਿਤਾ ਅਤੇ ਕਿਰਨ ਸੋਹਲ ਨੇ ਵਾਰਤਾ। ਜਗਜੀਤ ਕੌਰ, ਰਿਟਾਇਰ ਪ੍ਰਿੰਸੀਪਲ ਹਰਮੀਤ ਕੌਰ ਮਲਸੀਆਂ, ਬਿੰਦਰ ਪਾਲ ਕੌਰ ਅਤੇ ਕਿਰਨ ਸੋਹਲ ਨੇ ਰਲ ਕੇ ਆਪਣੀ ਸੁਰੀਲੀ ਅਵਾਜ਼ ਵਿੱਚ ਸੂਫ਼ੀ ਕਲਾਮ ਨਾਲ ਹਾਜ਼ਰੀ ਲਗਵਾਈ। ਦਵਿੰਦਰ ਕੌਰ ਤੂਰ ਨੇ ਕਵਿਤਾ, ਹਰਕੀਰਤ ਕੌਰ ਖਟੜਾ ਉੱਪ ਪ੍ਰਧਾਨ ਨੇ ਗੀਤ, ਪਰਮਿੰਦਰ ਸਿੰਘ ਟਿਵਾਣਾ ਨੇ ਕਵਿਤਾ ਅਤੇ ਜੁਗਰਾਜ ਸਿੰਘ ਬਰਾੜ ਨੇ ਆਪਣੇ ਵਿਚਾਰ ਪੇਸ਼ ਕਾਤੇ। ਇਸ ਤੋਂ ਬਿਨਾ ਸਾਧੂ ਸਿੰਘ ਝੱਜ, ਦਵਿੰਦਰ ਸਿੰਘ ਹੀਰਾ, ਸਰਜੀਤ ਸਿੰਘ ਬੈਂਸ ਅਤੇ ਅਵਤਾਰ ਬਿੱਲਾ ਇਹਨਾ ਸਾਰਿਆਂ ਨੇ ਚੱਲਦੇ ਪ੍ਰੋਗਰਾਮ ਵਿੱਚ ਆਪਣੀ ਦਮਦਾਰ ਅਵਾਜ਼ ਨਾਲ ਗੀਤਾਂ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ। ਇਹਨਾਂ ਤੋਂ ਇਲਾਵਾ ਗੁਰਚਰਨ ਸਿੰਘ, ਦਮਨਦੀਪ ਕੌਰ, ਬਲਜਿੰਦਰ ਸਿੰਘ ਬਰਾੜ, ਕਮਲਜੀਤ ਕੌਰ ਬੈਂਸ, ਮਲਕੀਤ ਸਿੰਘ ਝੱਲੀ, ਕੇਵਲ ਸਿੰਘ ਗਿੱਲ, ਬਿਸਮਨ ਕੌਰ ਟਿਵਾਣਾ, ਪਰਮਜੀਤ ਕੌਰ ਟਿਵਾਣਾ, ਕੋਮਲ ਗਿੱਲ, ਹਰਮਿੰਦਰ ਘੁੰਮਣ, ਸੁਖਦਰਸ਼ਨ ਸਿੰਘ ਖਟੜਾ, ਇੰਦਰਜੀਤ ਸਿੰਘ ਪੰਨੂ, ਹਰਦੀਪ ਸਿੰਘ ਸਿੱਧੂ, ਅਮਿਤ ਕੌਰ, ਜਪਿੰਦਰ ਕੌਰ ਗਿੱਲ, ਜੀਨਾ ਸਿੰਘ, ਪਰੀ ਕੌਰ ਗਿੱਲ, ਜਸਵਿੰਦਰ ਕੌਰ ਲੇਲ, ਅਰਜ ਸਿੰਘ, ਰੇਸ਼ਮ ਕੌਰ, ਗੁਰਮਨ ਭਾਰਦਵਾਜ, ਜਤਿੰਦਰ ਸਿੰਘ, ਰਮਿੰਦਰ ਪਾਲ ਸਿੰਘ ਗਿੱਲ, ਸਰਤਾਜ ਸਿੰਘ ਗਿੱਲ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਸਿਕੰਦਰ ਸਿੰਘ ਅਤੇ ਕਈ ਹੋਰ ਸਰੋਤਿਆਂ ਨੇ ਹਾਜ਼ਰੀ ਲਗਵਾਈ। ਡਾਕਟਰ ਸੁੱਚਾ ਸਿੰਘ ਗਿੱਲ ਅਤੇ ਪ੍ਰੋਫੈਸਰ ਕਮਲਜੀਤ ਕੌਰ ਗਿੱਲ ਨੇ ਕਿਤਾਬ ਬਾਰੇ,ਕਿਤਾਬ ਵਿੱਚ ਖੋਜ ਭਰਪੂਰ ਗੱਲਾਂ ਬਾਰੇ,ਖੋਜ ਭਰਪੂਰ ਅੰਕੜਿਆਂ ਬਾਰੇ ਬਹੁਤ ਵਿਸਥਾਰ ਨਾਲ ਦੱਸਿਆ। ਇਸ ਕਿਤਾਬ ਵਿੱਚੋਂ ਉਹ ਗੱਲਾਂ ਵੀ ਸੁਣਨ ਨੂੰ ਮਿਲੀਆਂ ਜੋ ਕਦੇ ਅੱਜ ਤੱਕ ਸੁਣੀਆਂ ਹੀ ਨਹੀਂ ਸੀ ਕਿ ਕਿੰਨੀਆਂ ਝੀਲਾਂ ਸੁੱਕ ਗਈਆਂ, ਕਿਹੜੇ ਦਰਿਆ ਸੁੱਕ ਗਏ,ਕਿਹੜੇ ਸਾਗਰ ਸੁੱਕੇ,ਪਾਣੀਆਂ ਨੂੰ ਗੰਧਲਾ ਕਰਨ ਵਿੱਚ ਲੋਕਾਂ ਨੇ ਕਿੰਨਾ ਯੋਗਦਾਨ ਪਾਇਆ, ਧਰਤੀ ਹੇਠਲਾ ਪਾਣੀ ਕਿਸਨੇ ਖਰਾਬ ਕੀਤਾ, ਸਿਆਸੀ ਲੋਕਾਂ ਦਾ,ਸਰਕਾਰਾਂ ਦਾ ਕੀ ਯੋਗਦਾਨ ਰਿਹਾ,ਵਗੈਰਾ ਵਗੈਰਾ। ਸਾਰੇ ਸਮਾਗਮ ਨੂੰ ਢੰਗ ਨਾਲ ਚਲਾਉਣ ਵਿੱਚ ਗੁਰਮੁਖ ਸਿੰਘ ਸਕੱਤਰ ਨੇ ਬਾਖੂਬੀ ਸੇਵਾ ਨਿਭਾਈ ਅਖੀਰ ਵਿੱਚ ਸਭਾ ਦੇ ਪ੍ਰਧਾਨ ਪਿਰਤਪਾਲ ਸਿੰਘ ਟਿਵਾਣਾ ਨੇ ਸਭ ਆਇਆਂ ਦਾ ਧੰਨਵਾਦ ਕੀਤਾ ਅਤੇ ਸਰਦਾਰ ਸੁੱਚਾ ਸਿੰਘ ਗਿੱਲ ਨੂੰ ਉਹਨਾਂ ਦੀ ਕਿਤਾਬ ਬਾਰੇ ਮੁਬਾਰਕਬਾਦ ਦਿੱਤੀ। ਗੋਲਡਨ ਕਰੀ ਵਾਲੇ ਸਤਨਾਮ ਸਿੰਘ ਵੱਲੋਂ ਆਏ ਮਹਿਮਾਨਾਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਗਈ।

ਅਮਰੀਕਾ ਦੇ 19 ਰਾਜ ਸਮਾਂ ਪੱਕਾ ਕਰਨ ਲਈ ਤਿਆਰ ਪਰ ਸੰਘੀ ਕਾਨੂੰਨ ਦੀ ਉਡੀਕ

ਵਾਸ਼ਿੰਗਟਨ- ਅਮਰੀਕਾ ਦੇ ਉੱਨੀ ਰਾਜਾਂ ਨੇ ਅਜਿਹੇ ਕਾਨੂੰਨ ਬਣਾਏ ਹੋਏ ਹਨ ਜਿਨ੍ਹਾਂ ਰਾਹੀਂ ਉਹ ਸਾਲ ਭਰ ਗਰਮੀਆਂ ਵਾਲਾ ਸਮਾਂ ਰੱਖ ਸਕਣਗੇ। ਫਿਰ ਵੀ ਇਨ੍ਹਾਂ ਰਾਜਾਂ ਦੀਆਂ ਘੜੀਆਂ ਹਾਲੇ ਪੱਕੇ ਤੌਰ ਉੱਤੇ ਨਹੀਂ ਬਦਲੀਆਂ। ਮੌਜੂਦਾ ਸੰਘੀ ਕਾਨੂੰਨ ਰਾਜਾਂ ਨੂੰ ਸਾਲ ਭਰ ਆਮ ਸਮਾਂ ਰੱਖਣ ਦੀ ਛੋਟ ਦਿੰਦਾ ਹੈ, ਪਰ ਸਾਲ ਭਰ ਗਰਮੀਆਂ ਵਾਲਾ ਸਮਾਂ ਰੱਖਣ ਦੀ ਨਹੀਂ। ਇਸ ਲਈ ਰਾਜਾਂ ਦੇ ਬਣਾਏ ਕਾਨੂੰਨਾਂ ਨੂੰ ਅਮਲ ਵਿੱਚ ਲਿਆਉਣ ਲਈ ਸੰਘੀ ਪੱਧਰ ਉੱਤੇ ਤਬਦੀਲੀ ਜ਼ਰੂਰੀ ਹੈ। ਇਸ ਮਸਲੇ ਉੱਤੇ ਜੁਲਾਈ ਵਿੱਚ ਵੱਡੀ ਕਾਰਵਾਈ ਹੋਈ ਸੀ। ਅਮਰੀਕੀ ਪ੍ਰਤੀਨਿਧੀ ਸਭਾ ਨੇ ਗਰਮੀਆਂ ਵਾਲਾ ਸਮਾਂ ਪੱਕਾ ਕਰਨ ਦਾ ਬਿੱਲ 308 ਦੇ ਮੁਕਾਬਲੇ 117 ਵੋਟਾਂ ਨਾਲ ਪਾਸ ਕੀਤਾ। ਹੁਣ ਇਸ ਨੂੰ ਸੈਨੇਟ ਤੋਂ ਵੀ ਪਾਸ ਹੋਣਾ ਅਤੇ ਫਿਰ ਰਾਸ਼ਟਰਪਤੀ ਦੇ ਦਸਤਖ਼ਤ ਮਿਲਣੇ ਲਾਜ਼ਮੀ ਹਨ। 21 ਸਤੰਬਰ ਤੱਕ ਇਹ ਬਿੱਲ ਕਾਨੂੰਨ ਨਹੀਂ ਬਣਿਆ। ਇਸ ਕਰਕੇ ਕਿਸੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਅਮਰੀਕਾ ਨੇ ਘੜੀਆਂ ਅੱਗੇ-ਪਿੱਛੇ ਕਰਨ ਦੀ ਪ੍ਰਥਾ ਪਹਿਲਾਂ ਹੀ ਖ਼ਤਮ ਕਰ ਦਿੱਤੀ ਹੈ।ਇਸ ਤਬਦੀਲੀ ਦੇ ਹਮਾਇਤੀ ਕਹਿੰਦੇ ਹਨ ਕਿ ਸਾਲ ਵਿੱਚ ਦੋ ਵਾਰ ਘੜੀ ਬਦਲਣ ਨਾਲ ਲੋਕਾਂ ਦੀ ਨੀਂਦ ਅਤੇ ਰੋਜ਼ਾਨਾ ਕੰਮ ਪ੍ਰਭਾਵਿਤ ਹੁੰਦੇ ਹਨ। ਉਹ ਸਰਦੀਆਂ ਵਿੱਚ ਸ਼ਾਮ ਨੂੰ ਵੱਧ ਰੋਸ਼ਨੀ ਚਾਹੁੰਦੇ ਹਨ। ਦੂਜੇ ਪਾਸੇ ਚਿੰਤਾ ਇਹ ਹੈ ਕਿ ਸਾਲ ਭਰ ਗਰਮੀਆਂ ਵਾਲਾ ਸਮਾਂ ਰੱਖਣ ਨਾਲ ਸਰਦੀਆਂ ਦੀਆਂ ਸਵੇਰਾਂ ਹੋਰ ਹਨੇਰੀਆਂ ਹੋਣਗੀਆਂ। ਬੱਚਿਆਂ ਦੇ ਸਕੂਲ ਜਾਣ ਅਤੇ ਸਵੇਰ ਕੰਮ ਉੱਤੇ ਨਿਕਲਣ ਵਾਲਿਆਂ ਲਈ ਇਹ ਅਹਿਮ ਮਸਲਾ ਹੈ।

BADH & REJMINIAK LLP

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice

We provide Legal Services in the following areas:

- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ

- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਐਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ

Ph: 604-503-3132

Fax:604-503-3133

Web:www.bnrlaw.ca

Gurpreet Badh, BSc, LLB
Barrister & Solicitor

#2006-7495, 132 St, Surrey, BC V3W 1J8

ਟਰੰਪ ਵੱਲੋਂ 3 ਅਦਾਰਿਆਂ ਦੇ ਪੱਤਰਕਾਰਾਂ ਉਪਰ ਵਾਈਟ ਹਾਉਸ 'ਚ ਦਾਖਲ ਹੋਣ 'ਤੇ ਪਾਬੰਦੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਲਡ ਟਰੰਪ ਦੀ ਤਾਜਾ ਸਰਵੇਖਣਾਂ ਵਿਚ ਲੋਕ ਪ੍ਰਿਯਤਾ ਹੇਠਲੇ ਪੱਧਰ 'ਤੇ ਆ ਜਾਣ ਸਬੰਧੀ ਛਪੀਆਂ ਖਬਰਾਂ ਦਰਮਿਆਨ ਉਨਾਂ ਨੇ ਕੁਝ ਚੋਣਵੇਂ ਚੈਨਲਾਂ ਤੇ ਅਖਬਾਰੀ ਅਦਾਰਿਆਂ ਦੇ ਪੱਤਰਕਾਰਾਂ ਉਪਰ ਵਾਈਟ ਹਾਓਸ ਵਿਚ ਦਾਖਲ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਇਨਾਂ ਵਿਚ ਸੀ ਐਨ ਐਨ, ਐਮ ਐਸ ਨੌਅ ਤੇ ਪੋਲੀਟੀਕੋ ਦੇ ਪੱਤਰਕਾਰ ਸ਼ਾਮਲ ਹਨ। ਉਨਾਂ ਦਾ ਦੋਸ਼ ਹੈ ਕਿ ਇਹ ਅਦਾਰੇ ਝੂਠੀਆਂ ਖਬਰਾਂ ਫੈਲਾਉਂਦੇ ਹਨ । ਰਾਸ਼ਟਰਪਤੀ ਨੇ ਇਨਾਂ ਅਦਾਰਿਆਂ 'ਤੇ ਵਾਰ-ਵਾਰ ਝੂਠੀਆਂ ਖਬਰਾਂ ਪ੍ਰਕਾਸ਼ਿਤ ਕਰਨ ਦਾ ਦੋਸ਼ ਲਗਾਇਆ ਹੈ। ਇਹ ਇੱਕ ਅਸਾਧਾਰਨ ਕਦਮ ਹੈ ਜਿਸ ਦੀ ਵੱਡੇ ਪੱਧਰ 'ਤੇ ਅਲੋਚਨਾ ਹੋਣੀ ਸੰਭਵ ਹੈ। ਟਰੰਪ ਨੇ ''ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਵਾਈਟ ਹਾਊਸ ਦੀ ਇਹ ਪਾਬੰਦੀ ਤੁਰੰਤ ਲਾਗੂ ਹੋਵੇਗੀ । ਉਨਾਂ ਨੇ ਕਿਹਾ ਕਿ ਭਵਿੱਖ ਵਿੱਚ ਹੋਰ ਮੀਡੀਆ ਸੰਸਥਾਵਾਂ 'ਤੇ ਵੀ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਪਾਬੰਦੀ ਦੇ ਐਲਾਨ ਤੋਂ ਤੁਰੰਤ ਬਾਅਦ ਓਵਲ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਨਾਂ ਖਿਲਾਫ ਜਾਣਬੁੱਝ ਕੇ ਨਕਾਰਾਤਮਕ ਖਬਰਾਂ ਛਾਪੀਆਂ ਜਾਂਦੀਆਂ ਹਨ ਤੇ ਜੇਕਰ ਉਹ ਲੋਕ ਅਜਿਹੀਆਂ ਖਬਰਾਂ ਤੋਂ ਬਾਜ ਨਹੀਂ ਆਉਂਦੇ ਤਾਂ ਉਨਾਂ ਨੂੰ ਵਾਈਟ ਹਾਓਸ ਵਿਚ ਆਉਣ ਦੀ ਕੋਈ ਲੋੜ ਨਹੀਂ ਹੈ। ਟਰੰਪ ਨੇ ਕਿਹਾ ਕਿ ਕੋਈ ਖਾਸ ਘਟਨਾ ਜਾਂ ਖਬਰ ਕਾਰਨ ਉਨਾਂ ਨੇ ਇਨਾਂ ਤਿੰਨਾਂ ਅਦਾਰਿਆਂ 'ਤੇ ਪਾਬੰਦੀ ਨਹੀਂ ਲਗਾਈ ਤੇ ਅਸਲ ਵਿੱਚ ਇਹ ਪਾਬੰਦੀ ਪਿਛਲੇ ਕੁਝ ਸਾਲਾਂ ਦੀਆਂ ਖਬਰਾਂ ਦਾ ਨਤੀਜਾ ਹੈ, ਜਿਨਾਂ ਤੋਂ ਉਹ ਅੱਕ ਗਏ ਹਨ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਜ਼ਿਆਦਾਤਰ ਸਰਵੇਖਣਾਂ ਅਨੁਸਾਰ ਟਰੰਪ ਦੀ ਲੋਕਪ੍ਰਿਅਤਾ ਹੇਠਲੇ ਪੱਧਰ 'ਤੇ ਆ ਗਈ ਹੈ। ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਕੀ ਉਹ ਮੀਡੀਆ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਲਈ ਡਰਾ-ਧਮਕਾ ਰਹੇ ਹਨ, ਤਾਂ ਟਰੰਪ ਨਾਰਾਜ਼ ਹੋ ਗਏ। ਰਾਸ਼ਟਰਪਤੀ ਨੇ ਕਿਹਾ, ਮੈਨੂੰ ਤੁਹਾਡੇ ਵਰਗੀ ਬੇਈਮਾਨ ਪ੍ਰੈਸ ਪਸੰਦ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਤੁਸੀਂ ਬਹੁਤ ਮਾੜੇ ਹੋ। ਮੈਂ ਇਮਾਨਦਾਰ ਪ੍ਰੈਸ ਦੇਖਣਾ ਪਸੰਦ ਕਰਦਾ ਹਾਂ।

ਇਸ ਦੌਰਾਨ ਸੀ ਐਨ ਐਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ''ਉਹ ਆਪਣੀ ਵਾਈਟ ਹਾਊਸ ਟੀਮ ਅਤੇ ਉਨਾਂ ਦੀ ਨਿਰਪੱਖ ਤੇ ਸਹੀ ਰਿਪੋਰਟਿੰਗ ਦੇ ਨਾਲ ਪੂਰੀ ਤਰਾਂ ਖੜਾ ਹੈ। ਸਾਨੂੰ ਅਮਰੀਕੀ ਸੰਵਿਧਾਨ ਤਹਿਤ ਸਰਕਾਰ ਵੱਲੋਂ ਬਿਨਾਂ ਕਿਸੇ ਰੁਕਾਵਟ ਜਾਂ ਦਖਲਅੰਦਾਜ਼ੀ ਦੇ ਰਿਪੋਰਟਿੰਗ ਕਰਨ ਦਾ ਅਧਿਕਾਰ ਹੈ। ਜੇਕਰ ਰਾਸ਼ਟਰਪਤੀ ਟਰੰਪ ਵੱਲੋਂ ਐਲਾਨੀ ਪਾਬੰਦੀ 'ਤੇ ਅਮਲ ਕੀਤਾ ਜਾਂਦਾ ਹੈ, ਤਾਂ ਇਹ ਉਸ ਬੁਨਿਆਦੀ ਅਤੇ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਅਧਿਕਾਰ 'ਤੇ ਗੈਰ-ਕਾਨੂੰਨੀ ਹਮਲਾ ਹੋਵੇਗਾ।

ਵ੍ਹਾਈਟ ਹਾਊਸ ਵੱਲੋਂ 'ਟਰੰਪ ਟੀ.ਵੀ.' ਲਾਂਚ ਕਰਨ ਦਾ ਐਲਾਨ

ਵਾਸ਼ਿੰਗਟਨ- ਵ੍ਹਾਈਟ ਹਾਊਸ ਨੇ 'ਟਰੰਪ ਟੀ.ਵੀ.' ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਕਈ ਪ੍ਰਮੁੱਖ ਅਮਰੀਕੀ ਮੀਡੀਆ ਆਊਟਲੈਟਾਂ ਦੁਆਰਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਬਾਈਕਾਟ ਕਰਨ ਦੇ ਐਲਾਨ ਤੋਂ ਬਾਅਦ ਆਇਆ ਹੈ। ਵ੍ਹਾਈਟ ਹਾਊਸ ਦੇ ਅਧਿਕਾਰਤ ਯੂਟਿਊਬ ਚੈਨਲ 'ਤੇ "ਟਰੰਪ ਟੀ.ਵੀ.: ਦ ਐਸੇਂਸ਼ੀਅਲਸ ਸਟੇਸ਼ਨ" ਸਿਰਲੇਖ ਵਾਲਾ ਲਾਈਵਸਟ੍ਰੀਮ ਐਲਾਨਿਆ ਗਿਆ, ਜਿਸਦਾ ਪ੍ਰਸਾਰਣ ਗ੍ਰੀਨਵਿਚ ਮੀਨ ਟਾਈਮ ਰਾਤ 11 ਵਜੇ (ਭਾਰਤੀ ਸਮੇਂ ਮੁਤਾਬਕ ਤੜਕੇ 4:30 ਵਜੇ) ਤੋਂ ਸ਼ੁਰੂ ਹੋਇਆ।

ਵੀਡੀਓ ਵਰਣਨ ਵਿਚ ਲਿਖਿਆ ਹੈ, "ਟਰੰਪ ਪ੍ਰਸ਼ਾਸਨ ਦੇ ਸਭ ਤੋਂ ਮਹੱਤਵਪੂਰਨ ਪਲਾਂ ਨੂੰ ਇੱਕ ਜਗ੍ਹਾ 'ਤੇ ਦੇਖੋ। ਮੁੱਖ ਵੀਡੀਓ, ਮਹੱਤਵਪੂਰਨ ਸੰਬੋਧਨ ਅਤੇ ਜ਼ਰੂਰੀ ਹਾਈਲਾਈਟਸ 24 ਘੰਟੇ, ਹਫ਼ਤੇ ਦੇ ਸੱਤ ਦਿਨ ਪ੍ਰਸਾਰਿਤ ਕੀਤੇ ਜਾਣਗੇ, ਅਸਲ ਸਮੇਂ ਵਿਚ ਅਪਡੇਟ ਕੀਤੇ ਜਾਣਗੇ। ਸੂਚਿਤ ਰਹੋ ਅਤੇ ਤਾਜ਼ਾ ਖ਼ਬਰਾਂ ਨਾਲ ਅਪਡੇਟ ਰਹੋ।" ਪਿਛਲੇ ਹਫ਼ਤੇ ਟਰੰਪ ਨੇ ਐਲਾਨ ਕੀਤਾ ਸੀ ਕਿ ਉਹ ਸੀ.ਐੱਨ.ਐੱਨ., ਐੱਮ.ਐੱਸ.ਐੱਨ. ਨਾਓ ਅਤੇ ਪੋਲੀਟਿਕੋ ਦੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਤੋਂ ਪਾਬੰਦੀ ਲਗਾ ਰਹੇ ਹਨ, ਇਨ੍ਹਾਂ ਤਿੰਨਾਂ ਆਊਟਲੈਟਾਂ ਨੂੰ "ਨਕਲੀ" ਕਹਿੰਦੇ ਹਨ। ਇਨ੍ਹਾਂ ਤਿੰਨਾਂ ਮੀਡੀਆ ਸੰਗਠਨਾਂ ਨੇ ਸੋਮਵਾਰ ਨੂੰ ਕਿਹਾ ਕਿ ਉਹ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਦੀ ਮਾਨਤਾ ਤੋਂ ਇਨਕਾਰ ਕਰਨ 'ਤੇ ਅਮਰੀਕੀ ਪ੍ਰਸ਼ਾਸਨ 'ਤੇ ਮੁਕੱਦਮਾ ਕਰ ਰਹੇ ਹਨ।

ਟਰੰਪ ਦੇ ਐਲਾਨ ਦੇ ਜਵਾਬ ਵਿਚ ਕਈ ਪ੍ਰਸਾਰਣ ਸੰਗਠਨਾਂ ਨੇ ਪ੍ਰਸ਼ਾਸਨ 'ਤੇ ਅਮਰੀਕੀ ਸੰਵਿਧਾਨ ਦੇ ਪਹਿਲੇ ਸੋਧ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ, ਜੋ ਬੋਲਣ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਇਨ੍ਹਾਂ ਸੰਗਠਨਾਂ ਨੇ ਟਰੰਪ ਦੀਆਂ ਗਤੀਵਿਧੀਆਂ ਦੀ ਕਵਰੇਜ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ। ਫੌਕਸ ਨਿਊਜ਼, ਏ.ਬੀ.ਸੀ., ਸੀ.ਬੀ.ਐੱਸ., ਐੱਨ.ਬੀ.ਸੀ., ਦ ਨਿਊਯਾਰਕ ਟਾਈਮਜ਼ ਅਤੇ ਦ ਵਾਸ਼ਿੰਗਟਨ ਪੋਸਟ ਵੀ ਇਸ ਬਾਈਕਾਟ ਵਿਚ ਸ਼ਾਮਲ ਹੋਏ ਹਨ।

ਕੈਨੇਡਾ ਸਰਕਾਰ ਦੀਆਂ ਅਵਾਸ ਨੀਤੀਆਂ ਦੇਸ਼ ਨੂੰ ਤਬਾਹ ਕਰ ਦੇਣਗੀਆਂ:ਟਰੰਪ

ਵਾਸ਼ਿੰਗਟਨ:-ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਕੈਨੇਡਾ ਹਰੇਕ ਸਾਲ ਲੱਖਾਂ ਲੋਕਾਂ ਨੂੰ ਦੇਸ਼ ਵਿੱਚ ਬੁਲਾ ਕੇ ਖੁਦ ਆਪਣੇ ਪੈਰੀਂ ਕੁਹਾੜਾ ਮਾਰਦੇ ਹੋਏ, ਆਪਣੀ ਤਬਾਹੀ ਵੱਲ ਵਧ ਰਿਹਾ ਹੈ।

ਆਪਣੇ ਸੋਸ਼ਲ ਮੀਡੀਆ ਖਾਤੇ ਤੇ ਪਾਈ ਪੋਸਟ ’ਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੈਨੇਡਾ ਬਿਨਾਂ ਡੂੰਘੀ ਜਾਂਚ ਕੀਤੇ ਅਜਿਹੇ ਲੋਕਾਂ ਨੂੰ ਦੇਸ਼ ਵਿੱਚ ਵੜਨ ਦੇ ਰਿਹਾ ਹੈ, ਜੋ ਆਪਣੇ ਨਾਲ ਵੱਡੀਆਂ ਸਮੱਸਿਆਵਾਂ ਲੈ ਕੇ ਆ ਰਹੇ ਹਨ। ਰਾਸ਼ਟਰਪਤੀ ਨੇ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਕਿ ਉਸ ਦੇ ਗਵਾਂਢੀ ਦੇਸ਼ ਲਈ ਇਹੀ ਸਮੱਸਿਆਵਾਂ ਭਵਿੱਖ ’ਚ ਵੱਡੀਆਂ ਹੋਣ ਤੇ ਸੰਭਾਲੀਆਂ ਨਹੀਂ ਜਾਣਗੀਆਂ। ਟਰੰਪ ਨੇ ਦਾਅਵਾ ਕੀਤਾ ਕਿ ਕੈਨੇਡਾ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ। ਦੂਜੇ ਪਾਸੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਕਿਹਾ ਕਿ ਵਿਦੇਸ਼ੀਆਂ ਨੇ ਪਿਛਲੇ ਸਾਲਾਂ ਵਿੱਚ ਕੈਨੇਡਾ ਦੀ ਆਰਥਿਕਤਾ ’ਚ ਵੱਡਾ ਯੋਗਦਾਨ ਪਾਇਆ, ਪਰ ਇਸਦੇ ਬਾਵਜੂਦ ਉਨ੍ਹਾਂ ਦੀ ਸਰਕਾਰ ਨੇ 2024 ਤੋਂ ਅਵਾਸ ਨੀਤੀਆਂ ਨੂੰ ਸਖ਼ਤ ਕਰਕੇ ਵਿਦੇਸ਼ੀਆਂ ਦੀ ਆਮਦ ਕਾਫੀ ਘਟਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਵਾਸ ਪੱਧਰਾਂ ਨੂੰ ਸਥਿਰ ਬਣਾ ਰਹੀ ਹੈ ਤੇ ਅਗਲੇ ਸਾਲ ਦੇ ਅੰਤ ਤੱਕ ਆਰਜੀ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਅਬਾਦੀ ਦੇ 5 ਫੀਸਦ ਤੱਕ ਹੇਠਾਂ ਲਿਆਉਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਸਤੀ ਰਿਹਾਇਸ਼ ਅਤੇ ਸਿਹਤ ਸੰਭਾਲ ਸੇਵਾਵਾਂ ਬਾਰੇ ਚਿੰਤਤ ਹੈ, ਜਿਸ ਲਈ ਕਈ ਸਖਤ ਨਿਯਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਤੋਂ 2028 ਤੱਕ ਵਿਦੇਸ਼ੀ ਆਮਦ ਕੋਟਾ ਪ੍ਰਤੀ ਸਾਲ 3 ਲੱਖ 80 ਹਜ਼ਾਰ ਤੈਅ ਕੀਤਾ ਗਿਆ ਹੈ, ਜਿਸ ਵਿੱਚ ਪਹਿਲ ਦੇਸ਼ ਵਿੱਚ ਮੌਜੂਦ ਹੁਨਰਮੰਦ ਤੇ ਤਜ਼ਰਬੇਕਾਰ ਲੋਕਾਂ ਨੂੰ ਦਿੱਤੀ ਜਾ ਰਹੀ ਹੈ ਤੇ ਇਸ ਕੋਟੇ ਨੂੰ ਹਰ ਹਾਲਤ ’ਚ ਸਥਿਰ ਰੱਖਿਆ ਜਾਏਗਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੰਮੇ ਸਮੇਂ ਦੇ ਫੈਸਲੇ ਲੈਣ ਦੀ ਥਾਂ ਸਿਰਫ ਤਿੰਨ ਤਿੰਨ ਸਾਲਾਂ ਦੀਆਂ ਯੋਜਨਾਵਾਂ ਉਲੀਕ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਨੇਪਰੇ ਚਾੜਨਾ ਸੁਖਾਲਾ ਰਹੇ। ਵਿਦੇਸ਼ ਮੰਤਰੀ ਨੇ ਕੁਝ ਤੱਥ ਪੇਸ਼ ਕਰਦਿਆਂ ਟਰੰਪ ਦੇ ਕੈਨੇਡਾ ਵਿੱਚ ਬੇਰੁਜਗਾਰੀ ਦਾ ਵਾਧੇ ਵਾਲੇ ਦਾਅਵੇ ਨੂੰ ਵੀ ਮੁਢੋਂ ਖਾਰਜ ਕੀਤਾ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਨਵੀਂ ਵੀਜ਼ਾ ਰੋਕ ਨੀਤੀ ਦਾ ਐਲਾਨ

ਵਾਸ਼ਿੰਗਟਨ- ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਨਵੀਂ ਵੀਜ਼ਾ ਰੋਕ ਨੀਤੀ ਦਾ ਐਲਾਨ ਕੀਤਾ ਹੈ। ਇਹ ਨੀਤੀ ਉਨ੍ਹਾਂ ਵਿਦੇਸ਼ੀ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜੋ ਜਾਣਬੁੱਝ ਕੇ ਬੱਚੇ ਦਾ ਜਨਮ ਅਮਰੀਕਾ ਵਿੱਚ ਕਰਵਾ ਕੇ ਉਸ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਲਈ ਆਉਂਦੇ ਹਨ ਜਾਂ ਅਜਿਹੀ ਯੋਜਨਾ ਚਲਾਉਣ ਵਿੱਚ ਮਦਦ ਕਰਦੇ ਹਨ। ਵਿਦੇਸ਼ ਵਿਭਾਗ ਇਸ ਨੂੰ “ਜਨਮ ਸੈਰ-ਸਪਾਟਾ” ਕਹਿੰਦਾ ਹੈ। ਨੀਤੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਕਾਨੂੰਨ ਦੀ ਧਾਰਾ 212 ਅਧੀਨ ਲਾਗੂ ਕੀਤੀ ਜਾ ਰਹੀ ਹੈ। ਇਸ ਕਾਰਵਾਈ ਦਾ ਘੇਰਾ ਸਿਰਫ਼ ਬੱਚਾ ਜਨਮ ਦੇਣ ਲਈ ਆਉਣ ਵਾਲੀ ਔਰਤ ਤੱਕ ਸੀਮਤ ਨਹੀਂ ਹੈ। ਜਨਮ ਸੈਰ-ਸਪਾਟੇ ਦਾ ਕਾਰੋਬਾਰ ਚਲਾਉਣ ਵਾਲੇ ਮਾਲਕ, ਪ੍ਰਬੰਧਕ, ਵਿਚੋਲੇ, ਵੀਜ਼ਾ ਅਰਜ਼ੀ ਵਿੱਚ ਝੂਠ ਬੋਲਣ ਦੀ ਸਿਖਲਾਈ ਦੇਣ ਵਾਲੇ ਏਜੰਟ ਅਤੇ ਜਾਣਬੁੱਝ ਕੇ ਇਸ ਯਾਤਰਾ ਵਿੱਚ ਮਦਦ ਕਰਨ ਵਾਲੇ ਵਿਦੇਸ਼ੀ ਡਾਕਟਰੀ ਸੇਵਾ ਪ੍ਰਦਾਤਾ ਵੀ ਰੋਕ ਹੇਠ ਆ ਸਕਦੇ ਹਨ। ਜੇ ਕਿਸੇ ਨੇ ਸਰਕਾਰੀ ਮੈਡੀਕੇਡ ਸਹਾਇਤਾ ਦੀ ਧੋਖੇ ਨਾਲ ਵਰਤੋਂ ਕਰਵਾਈ ਹੋਵੇ, ਤਾਂ ਉਸ ਨੂੰ ਵੀ ਨੀਤੀ ਵਿੱਚ ਖਾਸ ਤੌਰ ਉੱਤੇ ਸ਼ਾਮਲ ਕੀਤਾ ਗਿਆ ਹੈ। ਕੁਝ ਹਾਲਾਤਾਂ ਵਿੱਚ ਸਬੰਧਤ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਉੱਤੇ ਵੀ ਵੀਜ਼ਾ ਰੋਕ ਲੱਗ ਸਕਦੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਗਰਭਵਤੀ ਔਰਤ ਦਾ ਹਰ ਅਮਰੀਕੀ ਦੌਰਾ ਆਪਣੇ ਆਪ ਗੈਰਕਾਨੂੰਨੀ ਹੋ ਗਿਆ ਹੈ। ਅਸਲ ਡਾਕਟਰੀ ਇਲਾਜ ਲਈ ਆਉਣ ਵਾਲੇ ਵਿਅਕਤੀ ਨੂੰ ਯਾਤਰਾ ਦਾ ਸੱਚਾ ਮਕਸਦ, ਇਲਾਜ ਦੀ ਲੋੜ ਅਤੇ ਖਰਚਾ ਭਰਨ ਦੀ ਸਮਰੱਥਾ ਸਾਫ਼ ਦੱਸਣੀ ਪੈਂਦੀ ਹੈ। ਮੁੱਖ ਮਸਲਾ ਝੂਠੀ ਜਾਣਕਾਰੀ ਦੇ ਕੇ ਸੈਲਾਨੀ ਵੀਜ਼ਾ ਲੈਣਾ ਜਾਂ ਨਾਗਰਿਕਤਾ ਲਈ ਵਪਾਰਕ ਯੋਜਨਾ ਵਰਤਣਾ ਹੈ।

ਕੋਕੀਨ ਰੱਖਣ ਜਾਂ ਵਰਤਣ ਦੀ ਗੱਲ ਮੰਨਣ ਨਾਲ ਰੁਕ ਸਕਦਾ ਹੈ ਗਰੀਨ ਕਾਰਡ

ਵਾਸ਼ਿੰਗਟਨ - ਇਮੀਗ੍ਰੇਸ਼ਨ ਅਪੀਲ ਬੋਰਡ ਨੇ “ਮੈਟਰ ਆਫ਼ ਮੇਂਡੇਜ਼ ਮਾਲਡੋਨਾਡੋ” ਵਿੱਚ ਮਹੱਤਵਪੂਰਨ ਮਿਸਾਲੀ ਫ਼ੈਸਲਾ ਦਿੱਤਾ ਹੈ। ਬੋਰਡ ਨੇ ਕਿਹਾ ਕਿ ਕਿਸੇ ਵਿਅਕਤੀ ਵੱਲੋਂ ਕੋਕੀਨ ਰੱਖਣ ਅਤੇ ਵਰਤਣ ਦੀ ਗੱਲ ਕਾਨੂੰਨੀ ਢੰਗ ਨਾਲ ਮੰਨਣਾ, ਅਪਰਾਧਿਕ ਸਜ਼ਾ ਨਾ ਹੋਣ ਦੇ ਬਾਵਜੂਦ, ਉਸ ਨੂੰ ਅਮਰੀਕਾ ਵਿੱਚ ਦਾਖ਼ਲੇ ਜਾਂ ਗਰੀਨ ਕਾਰਡ ਲਈ ਅਯੋਗ ਬਣਾ ਸਕਦਾ ਹੈ। ਇਹ ਫ਼ੈਸਲਾ ਨਸ਼ੀਲੇ ਪਦਾਰਥ ਨਾਲ ਜੁੜੀ ਅਯੋਗਤਾ ਦੀ ਧਾਰਾ ਉੱਤੇ ਆਧਾਰਿਤ ਹੈ। ਇਸ ਮਾਮਲੇ ਵਿੱਚ ਵਿਅਕਤੀ ਨੇ ਯੂ.ਐੱਸ.ਸੀ.ਆਈ.ਐੱਸ. ਅਧਿਕਾਰੀ ਨੂੰ ਦੱਸਿਆ ਸੀ ਕਿ ਉਸ ਨੇ ਕਈ ਵਾਰ ਕੋਕੀਨ ਰੱਖੀ ਅਤੇ ਵਰਤੀ। ਅਧਿਕਾਰੀ ਨੇ ਐਰੀਜ਼ੋਨਾ ਦੇ ਉਸ ਕਾਨੂੰਨ ਦਾ ਜ਼ਿਕਰ ਕੀਤਾ, ਜੋ ਜਾਣਬੁੱਝ ਕੇ ਕੋਕੀਨ ਰੱਖਣ ਜਾਂ ਵਰਤਣ ਨੂੰ ਅਪਰਾਧ ਮੰਨਦਾ ਹੈ। ਬਾਅਦ ਵਿੱਚ ਵਿਅਕਤੀ ਨੇ ਇਮੀਗ੍ਰੇਸ਼ਨ ਜੱਜ ਸਾਹਮਣੇ, ਆਪਣੇ ਵਕੀਲ ਦੀ ਮੌਜੂਦਗੀ ਵਿੱਚ ਅਤੇ ਸਹੁੰ ਹੇਠ ਵੀ ਇਹ ਗੱਲ ਮੰਨੀ। ਬੋਰਡ ਨੇ ਦੋਵਾਂ ਬਿਆਨਾਂ ਨੂੰ ਅਯੋਗਤਾ ਲਈ ਕਾਫ਼ੀ ਮੰਨਿਆ। ਨਵੇਂ ਫ਼ੈਸਲੇ ਦਾ ਸਭ ਤੋਂ ਵੱਡਾ ਅਸਰ ਇਹ ਹੈ ਕਿ ਸਰਕਾਰੀ ਅਧਿਕਾਰੀ ਲਈ ਇਕਰਾਰ ਤੋਂ ਪਹਿਲਾਂ ਅਪਰਾਧ ਦੀ ਹਰ ਕਾਨੂੰਨੀ ਧਾਰਾ ਅਤੇ ਹਰ ਤੱਤ ਦੀ ਪੂਰੀ ਵਿਆਖਿਆ ਕਰਨੀ ਲਾਜ਼ਮੀ ਨਹੀਂ ਰਹੀ। ਬੋਰਡ ਨੇ ਇਸ ਦੇ ਉਲਟ ਚੱਲਦੇ ਦੋ ਪੁਰਾਣੇ ਫ਼ੈਸਲੇ ਰੱਦ ਕਰ ਦਿੱਤੇ। ਫਿਰ ਵੀ ਸਿਰਫ਼ ਅਫ਼ਵਾਹ, ਅਸਪਸ਼ਟ ਬਿਆਨ ਜਾਂ ਕਿਸੇ ਹੋਰ ਦੀ ਗੱਲ ਹਰ ਮਾਮਲੇ ਵਿੱਚ ਆਪਣੇ ਆਪ ਕਾਫ਼ੀ ਨਹੀਂ ਬਣਦੀ। ਸਰਕਾਰ ਨੂੰ ਵੇਖਣਾ ਪਵੇਗਾ ਕਿ ਬਿਆਨ ਨੇ ਕਾਨੂੰਨ ਦੇ ਜ਼ਰੂਰੀ ਤੱਤਾਂ ਨੂੰ ਸੱਚਮੁੱਚ ਮੰਨਿਆ ਹੈ ਜਾਂ ਨਹੀਂ।

Keep Smiling Denture Clinic
Now accepting Canadian Dental Care plan patients
*Complete Denture *Partial Denture *Emergency Repair
*Implant Denture *Reline, Rebase *Mouth/Night Guard
ਜੇਕਰ ਤੁਹਾਡੇ ਇਕ ਜਾਂ ਇਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ, ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਹਨ ਉਹਨਾਂ ਨੂੰ ਰੀਲਾਈਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
ਹੁਣ ਕਨੇਡੀਅਨ ਡੈਂਟਲ ਕੇਅਰ ਪਲੈਨ ਵਾਲੇ ਮਰੀਜ ਵੀ ਲੈਂਦੇ ਹਾਂ

GAGAN CHAHAL R.D
REGISTERED DENTURIST
Off:778-600-0811
6834 King George Blvd, Surrey
Email:info@denturistbc.com
Abbotsford Location
2644 Cyril Street Abbotsford
Off:778-600-0810

17 SECTOR
Fashion & Fabrics
- ਨਵੇਂ ਜਨਮੇ ਬੱਚਿਆਂ (ਕੁੜੀਆਂ ਤੇ ਮੁੰਡੇ) ਦੇ ਕੱਪੜਿਆਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ। ਇਹਨਾਂ ਤੇ ਭਾਰੀ ਸੇਲ ਲੱਗੀ ਹੈ।
- ਗਰਮ ਕੋਟ ਪੈਂਟ ਦਾ ਕੱਪੜਾ ਵੀ ਆ ਚੁੱਕਾ ਹੈ
- ਮੈਨਜ਼ ਕੁਰਤੇ ਪਜਾਮੇ, ਜੈਕਟਾਂ ਤੇ ਭਾਰੀ ਸੇਲ
- ਲੇਡੀਜ਼ ਵਾਸਤੇ ਕਸਟਮ ਸਟਿਚਡ ਸੂਟ ਸੇਲ ਤੇ
- ਕੋਈ ਵੀ ਸਮਾਨ ਦੀ ਖਰੀਦਦਾਰੀ ਤੇ ਛੋਟੇ ਬੱਚਿਆਂ ਵਾਸਤੇ ਫਰੀ ਰੁਮਾਲ ਜਾਂ ਪਟਕੇ
- ਛੋਟੀਆਂ ਕੁੜੀਆਂ ਦੇ ਨਵੇਂ ਸਟਾਇਲ ਦੇ ਸੂਟ ਪਹੁੰਚ ਗਏ ਹਨ

Special Sale
ਸਪੈਸ਼ਲ ਸੇਲ
Mens Printed Vests
1 for $50 & 3 For $100
Unstiched ਲੇਡੀਜ ਸੂਟਾਂ ਤੇ ਭਾਰੀ ਸੇਲ
ਲੇਡੀਜ ਨਾਇਰਾ ਕੱਟ ਸੂਟ
ਇਕ ਲਉ ਇਕ FREE
Mens & Boys ਕੁੜਤਾ ਪਜਾਮਾ
10% ਤੋਂ 30% Off Limited Stock
ਲਹਿੰਗੇ $75 ਤੋਂ ਸ਼ੁਰੂ
ਕੁੜੀਆਂ ਦੇ ਫੈਂਸੀ ਸੂਟਾਂ ਦੀ ਭਾਰੀ ਸ਼ਿਪਮੈਂਟ ਪਹੁੰਚ ਚੁੱਕੀ ਹੈ

ਅਸੀਂ ਹਰ ਤਰਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਆਲਟਰੇਸ਼ਨ ਕਰਦੇ ਹਾਂ
(We Have All Sizes From New Born To Size 56)
Large Discounts On Artificial Jewellery
#186-8138 128 St, Surrey, BC
Ph:604.594.1788

KAMCRAFT
Kitchen cabinets ltd.

*Quality Work
*Reasonable Rate
Free Estimates
Residential and Commercial
Kitchen
Bathroom Remodeling
Custom Mill Work
Vaities & Counter Tops
Charnjit (Mintu)
604-835-2744
Prabh(Director)
604-507-8450
Email: kamcraft2003@gmail.com
#5- 13415 - 76th Ave., Surrey , BC
www.kamcraftkitchen.com

Over 30 Years of Industry Experience

MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ

Gerald F. Robison
Senior Attorney

MULTANI LAW GROUP

Jashan Multani

206-243-4219

Jashan Multani
Associate Partner

ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

Services we provide:

- Immigration/Political Asylum
  U-Visa, Vawa,

-SIJ Guardianship Cases

- Car Accidents/Personal Injury
- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,

-SIJ ਗਾਰਡੀਅਨਸ਼ਿਪ ਕੇਸ

-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ

-ਕਿਰਾਏਦਾਰ ਕੱਢਣਾ

Website:multanilawgroup.com

Email:Jashan@multanilawgroup.com

Add: 13106 S. East 240th St., #110, Kent, WA 98031

ਬੀਸੀ ਦੀ ਸਿਆਸਤ ’ਚ ਵੱਡਾ ਬਦਲਾਅ

ਜੌਨ ਰਸਟਡ ਸਮੇਤ ਕਈ ਆਗੂ ਚੋਣ ਮੈਦਾਨ ਤੋਂ ਬਾਹਰ

ਬ੍ਰਿਟਿਸ਼ ਕੋਲੰਬੀਆ: ਬ੍ਰਿਟਿਸ਼ ਕੋਲੰਬੀਆ ਦੀ ਸਿਆਸਤ ਵਿੱਚ ਅਗਲੀ ਵਿਧਾਨ ਸਭਾ ਚੋਣ ਤੋਂ ਪਹਿਲਾਂ ਕਈ ਵੱਡੇ ਆਗੂਆਂ ਦੇ ਚੋਣ ਨਾ ਲੜਨ ਦੇ ਫ਼ੈਸਲੇ ਸਾਹਮਣੇ ਆਏ ਹਨ। ਬੀਸੀ ਕੰਜ਼ਰਵੇਟਿਵ ਪਾਰਟੀ ਨੇ ਪੁਸ਼ਟੀ ਕੀਤੀ ਹੈ ਕਿ ਪਾਰਟੀ ਦੇ ਸਾਬਕਾ ਆਗੂ ਜੌਨ ਰਸਟਡ ਅਗਲੇ ਮਹੀਨੇ ਹੋਣ ਵਾਲੀਆਂ ਵੋਟਾਂ ਵਿੱਚ ਮੁੜ ਚੋਣ ਨਹੀਂ ਲੜਨਗੇ।

ਜੌਨ ਰਸਟਡ ਨੇ ਸੋਸ਼ਲ ਮੀਡੀਆ ’ਤੇ ਜਾਰੀ ਬਿਆਨ ਵਿੱਚ ਆਪਣੇ ਸਿਆਸੀ ਭਵਿੱਖ ਬਾਰੇ ਸੰਕੇਤ ਦਿੱਤੇ ਸਨ। ਉਨ੍ਹਾਂ ਕਿਹਾ ਸੀ ਕਿ ਸਿਆਸਤਦਾਨਾਂ ਦੀ ਪੁਰਾਣੀ ਪੀੜ੍ਹੀ ਲਈ ਹੁਣ ਪਾਸੇ ਹਟਣ ਅਤੇ ਨਵੀਂ ਪੀੜ੍ਹੀ ਨੂੰ ਅੱਗੇ ਆਉਣ ਦਾ ਸਮਾਂ ਹੈ।ਬੀਸੀ ਕੰਜ਼ਰਵੇਟਿਵ ਪਾਰਟੀ ਨੇ ਕਿਹਾ ਕਿ ਪਾਰਟੀ ਦੀ ਮੌਜੂਦਾ ਸਥਿਤੀ ਬਣਾਉਣ ਵਿੱਚ ਰਸਟਡ ਦੇ ਦ੍ਰਿੜ ਵਿਸ਼ਵਾਸ ਅਤੇ ਸਖ਼ਤ ਮਿਹਨਤ ਦਾ ਅਹਿਮ ਯੋਗਦਾਨ ਰਿਹਾ ਹੈ।ਰਸਟਡ ਪਹਿਲਾਂ ਬੀਸੀ ਲਿਬਰਲ ਪਾਰਟੀ ਵਿੱਚ ਕੈਬਨਿਟ ਮੰਤਰੀ ਰਹਿ ਚੁੱਕੇ ਹਨ। ਜਲਵਾਯੂ ਵਿਗਿਆਨ ਨਾਲ ਸਬੰਧਤ ਉਨ੍ਹਾਂ ਦੀਆਂ ਕੁਝ ਸੋਸ਼ਲ ਮੀਡੀਆ ਪੋਸਟਾਂ ਤੋਂ ਬਾਅਦ ਪਾਰਟੀ ਦੇ ਤਤਕਾਲੀ ਆਗੂ ਕੇਵਿਨ ਫਾਲਕਨ ਨੇ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕਰ ਦਿੱਤਾ ਸੀ। ਇਸ ਤੋਂ ਬਾਅਦ ਰਸਟਡ ਨੇ ਕੁਝ ਸਮਾਂ ਆਜ਼ਾਦ ਵਿਧਾਇਕ ਵਜੋਂ ਕੰਮ ਕੀਤਾ।ਇਸ ਦੇ ਨਾਲ ਹੀ ਐਨਡੀਪੀ ਦੇ ਚਾਰ ਮੌਜੂਦਾ ਜਾਂ ਸਾਬਕਾ ਮੰਤਰੀਆਂ ਵੱਲੋਂ ਵੀ ਇਸ ਵਾਰ ਚੋਣ ਮੈਦਾਨ ਤੋਂ ਪਾਸੇ ਹਟਣ ਦਾ ਫ਼ੈਸਲਾ ਕੀਤਾ ਗਿਆ ਹੈ।

ਸਾਬਕਾ ਮੰਤਰੀ ਬ੍ਰੈਂਡਾ ਬੇਲੀ ਨੇ ਮੁੜ ਚੋਣ ਨਾ ਲੜਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਸਿਹਤ ਮੰਤਰੀ ਰਵੀ ਕਾਹਲੋਂ, ਐਮਰਜੈਂਸੀ ਪ੍ਰਬੰਧਨ ਮੰਤਰੀ ਕੈਲੀ ਗ੍ਰੀਨ ਅਤੇ ਖੇਤੀਬਾੜੀ ਮੰਤਰੀ ਲੈਨਾ ਪੋਪਹੈਮ ਨੇ ਵੀ ਇਸ ਵਾਰ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਹੈ।ਇਨ੍ਹਾਂ ਆਗੂਆਂ ਦੇ ਚੋਣ ਮੈਦਾਨ ਤੋਂ ਹਟਣ ਨਾਲ ਆਉਣ ਵਾਲੀਆਂ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿੱਚ ਕਈ ਹਲਕਿਆਂ ਵਿੱਚ ਨਵੇਂ ਉਮੀਦਵਾਰਾਂ ਲਈ ਮੌਕਾ ਬਣੇਗਾ।

ਓਮਾਨ ਦੇ ਤੱਟ ਨੇੜੇ ਜਹਾਜ਼ ’ਤੇ ਹਮਲਾ

ਯੂਪੀ ਦੇ ਸੂਰਜ ਯਾਦਵ ਦੀ ਮੌਤ:19 ਭਾਰਤੀ ਬਚਾਏ

ਮਸਕਟ, : ਓਮਾਨ ਦੇ ਪੂਰਬੀ ਤੱਟ ਨੇੜੇ ਭਾਰਤ ਆ ਰਹੇ ਕਮਰਸ਼ੀਅਲ ਜਹਾਜ਼ ’ਤੇ ਕੇਪ ਦਾਓ ’ਤੇ ਹੋਏ ਹਮਲੇ ਵਿੱਚ ਇੱਕ ਭਾਰਤੀ ਨਾਵਿਕ ਦੀ ਮੌਤ ਹੋ ਗਈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਹਮਲੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਸੂਰਜ ਯਾਦਵ ਵਜੋਂ ਹੋਈ ਹੈ, ਜੋ ਉੱਤਰ ਪ੍ਰਦੇਸ਼ ਦੇ ਦੇਵਰਿਆ ਜ਼ਿਲ੍ਹੇ ਨਾਲ ਸਬੰਧਤ ਸਨ। ਵਿਦੇਸ਼ ਮੰਤਰਾਲੇ ਮੁਤਾਬਕ ਜਹਾਜ਼ ’ਤੇ ਕੁੱਲ 20 ਭਾਰਤੀ ਨਾਵਿਕ ਸਵਾਰ ਸਨ। ਹਮਲੇ ਤੋਂ ਬਾਅਦ 19 ਭਾਰਤੀ ਨਾਵਿਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ, ਜਦਕਿ ਸੂਰਜ ਯਾਦਵ ਦੀ ਜਾਨ ਚਲੀ ਗਈ। ਭਾਰਤ ਨੇ ਇਸ ਹਮਲੇ ਦੀ ਨਿੰਦਾ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਕਮਰਸ਼ੀਅਲ ਸ਼ਿਪਿੰਗ ਨੂੰ ਲਗਾਤਾਰ ਨਿਸ਼ਾਨਾ ਬਣਾਏ ਜਾਣ ਨੂੰ ‘ਬੇਹੱਦ ਚਿੰਤਾਜਨਕ’ ਦੱਸਿਆ। ਮੰਤਰਾਲੇ ਨੇ ਤਣਾਅ ਘਟਾਉਣ ਲਈ ਗੱਲਬਾਤ ਅਤੇ ਕੂਟਨੀਤੀ ਰਾਹੀਂ ਮਸਲੇ ਹੱਲ ਕਰਨ ਦੀ ਅਪੀਲ ਵੀ ਦੁਹਰਾਈ ਹੈ।

ਅਮਰੀਕਾ ਨੇ ਮੁੜ ਹਮਲਾ ਕੀਤਾ ਤਾਂ ਜੰਗ ਹਿੰਦ ਮਹਾਸਾਗਰ ਤੱਕ ਫੈਲ ਸਕਦੀ ਹੈ:ਈਰਾਨ ਦੀ ਚੇਤਾਵਨੀ

ਤਹਿਰਾਨ : ਮੱਧ ਪੂਰਬ ਵਿੱਚ ਜਾਰੀ ਅਮਰੀਕਾ-ਈਰਾਨ ਟਕਰਾਅ ਦਰਮਿਆਨ ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਸ ’ਤੇ ਮੁੜ ਹਮਲਾ ਕੀਤਾ ਗਿਆ ਤਾਂ ਜੰਗ ਦਾ ਦਾਇਰਾ ਹਿੰਦ ਮਹਾਸਾਗਰ ਤੱਕ ਫੈਲ ਸਕਦਾ ਹੈ। ਇਹ ਚੇਤਾਵਨੀ ਈਰਾਨ ਦੇ ਸੁਪਰੀਮ ਲੀਡਰ ਦੇ ਸੀਨੀਅਰ ਫੌਜੀ ਸਲਾਹਕਾਰ ਮੇਜਰ ਜਨਰਲ ਯਾਹਿਆ ਰਹੀਮ ਸਫਵੀ ਨੇ ਦਿੱਤੀ ਹੈ। ਈਰਾਨ ਦੀ ਸਰਕਾਰੀ ਫਾਰਸ ਨਿਊਜ਼ ਏਜੰਸੀ ਵੱਲੋਂ ਜਾਰੀ ਵੀਡੀਓ ਵਿੱਚ ਸਫਵੀ ਨੇ ਕਿਹਾ ਕਿ ਜੰਗ ਪਹਿਲਾਂ ਹੀ ਫਾਰਸ ਦੀ ਖਾੜੀ ਅਤੇ ਹੋਰਮੂਜ਼ ਜਲਮਾਰਗ ਤੋਂ ਲਾਲ ਸਾਗਰ ਤੱਕ ਫੈਲ ਚੁੱਕੀ ਹੈ। ਉਨ੍ਹਾਂ ਮੁਤਾਬਕ ਜੇਕਰ ਮੁੜ ਹਮਲੇ ਹੁੰਦੇ ਹਨ ਤਾਂ ਜੰਗ ਦਾ ਮੋਰਚਾ ਹੋਰ ਅੱਗੇ ਵਧ ਕੇ ਹਿੰਦ ਮਹਾਸਾਗਰ ਅਤੇ ਇਸ ਤੋਂ ਵੀ ਅੱਗੇ ਤੱਕ ਪਹੁੰਚ ਸਕਦਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਹੋਰਮੂਜ਼ ਜਲਮਾਰਗ ਅਤੇ ਲਾਲ ਸਾਗਰ ਦੇ ਸਮੁੰਦਰੀ ਰਸਤੇ ਪਹਿਲਾਂ ਹੀ ਤਣਾਅ ਹੇਠ ਹਨ। ਬਾਬ ਅਲ-ਮੰਦਬ ਜਲਮਾਰਗ ਲਾਲ ਸਾਗਰ ਨੂੰ ਅਦਨ ਦੀ ਖਾੜੀ ਅਤੇ ਹਿੰਦ ਮਹਾਸਾਗਰ ਨਾਲ ਜੋੜਦਾ ਹੈ, ਜਿਸ ਕਾਰਨ ਖੇਤਰ ਵਿੱਚ ਵਧਦਾ ਤਣਾਅ ਅੰਤਰਰਾਸ਼ਟਰੀ ਸਮੁੰਦਰੀ ਵਪਾਰ ਲਈ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਈਰਾਨੀ ਅਧਿਕਾਰੀ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਅਮਰੀਕੀ ਸੈਨਿਕ ਕਾਰਵਾਈ ਵਧਣ ਦੀ ਸਥਿਤੀ ਵਿੱਚ ਉਹ ਆਪਣੇ ਜਵਾਬ ਦੀ ਰਣਨੀਤੀ ਅਤੇ ਨਿਸ਼ਾਨਿਆਂ ਵਿੱਚ ਤਬਦੀਲੀ ਕਰ ਸਕਦੇ ਹਨ। ਹਾਲਾਂਕਿ ਸਫਵੀ ਦੀ ਤਾਜ਼ਾ ਟਿੱਪਣੀ ਵਿੱਚ ਪਹਿਲੀ ਵਾਰ ਹਿੰਦ ਮਹਾਸਾਗਰ ਨੂੰ ਸੰਭਾਵਿਤ ਨਵੇਂ ਜੰਗੀ ਮੋਰਚੇ ਵਜੋਂ ਸਪੱਸ਼ਟ ਤੌਰ ’ਤੇ ਦਰਸਾਇਆ ਗਿਆ ਹੈ। ਇਸ ਤਰ੍ਹਾਂ ਦੇ ਵਿਸਥਾਰ ਨਾਲ ਭਾਰਤ ਸਮੇਤ ਖੇਤਰ ਦੇ ਹੋਰ ਦੇਸ਼ਾਂ ਲਈ ਸਮੁੰਦਰੀ ਵਪਾਰ ਅਤੇ ਊਰਜਾ ਸਪਲਾਈ ਨਾਲ ਜੁੜੇ ਖਤਰੇ ਵਧ ਸਕਦੇ ਹਨ। ਭਾਰਤ ਦੇ ਪੱਛਮੀ ਏਸ਼ੀਆ ਨਾਲ ਮਹੱਤਵਪੂਰਨ ਵਪਾਰਕ ਅਤੇ ਊਰਜਾ ਸਬੰਧ ਹਨ, ਇਸ ਲਈ ਫਾਰਸ ਦੀ ਖਾੜੀ ਤੋਂ ਹਿੰਦ ਮਹਾਸਾਗਰ ਤੱਕ ਸਮੁੰਦਰੀ ਆਵਾਜਾਈ ਪ੍ਰਭਾਵਿਤ ਹੋਣ ਦੀ ਸਥਿਤੀ ਵਿੱਚ ਸ਼ਿਪਿੰਗ ਅਤੇ ਊਰਜਾ ਲਾਗਤਾਂ ’ਤੇ ਅਸਰ ਪੈ ਸਕਦਾ ਹੈ।

OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

New Pabla Ready To Eat Frozen Cuisine Available
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people
ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੋਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559 Email: pablajas@yahoo.com

Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200

PIZZA STATION

15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੋਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।

PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

Boulevard Market

ਇੰਡੀਅਨ ਗਰੋਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੋਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010

TEAM ARMY

REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com

Col Navtej Singh Nijjar
MORTGAGE LOAN ORIGINATOR
NMLS#1484258
BARRETT FINANCIAL GROUP
Cell:206-334-4035
Email:NAVTEJ@BARRETTFINANCIAL.COM
Web:BARRETTFINANCIAL.COM/NAVTEJ

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery

FREE PANI-PURI
FRI-SUN (12PM 5PM)
ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Kaurs Tax And Accounting

Trucking Compliance
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

Professional Assistance Filling
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

Tax Services
- Tax Filing & Planning
- Personal & Business
- Notary Public
- Payroll Service

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:



Jaz Kaur Randhawa
Ph:206-472-9602
702 S Hill Park Dr
Suite 202
Puyallup, WA 98373
accounting@kaurs.net
trucking@kaurs.net
Web:www.kaurs.net

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾਂ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

·CONVENTIONAL ·FHA ·VA Loans ·30YR/15YR/10YR FIXED ·DSCR
·P&L ·30 DAY SOFR ARM ·1099 PROGRAM ·7/6 SOFR ARMS
·LOT/CUSTOM CONSTRUCTION LOAN AVAILABLE
·24/12 BANK STATEMENT LOANS

KESSHAV SHARMA
BRANCH MANAGER

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
WEST CAPITAL LENDING

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

Ready to grow your business?
Count on us for solutions.

Gifty Singh
Bellevue
400 112th Ave NE
206–909–5226
BANNER BANK
bannerbank.com Member FDIC

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment

Harpreet Singh, J.D. (253) 202-4516

LANCER TRUCKING LLC
21307-116TH AVE SE, KENT, WA 98031-2206
Running all across United States

Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

Your Neighborhood Store!
GROCERY SINGH
ਤੁਹਾਡਾ ਆਪਣਾ ਨੇਬਰਾਹੁੱਡ ਸਟੋਰ !
BEST QUALITY GREAT PRICES EXCELLENT SERVICE
ONE STOP FOR ALL YOUR NEEDS!
ਇੱਕ ਹੀ ਛੱਤ ਹੇਠ, ਸਾਰੀਆਂ ਜ਼ਰੂਰਤਾਂ ਪੂਰੀਆਂ!
WE BRING YOU THE BEST OF QUALITY, VARIETY & VALUE!

ਤਾਜ਼ੀਆਂ ਸਬਜ਼ੀਆਂ ਅਤੇ ਫਲ
ਭਾਰਤੀ ਅਤੇ ਇੰਟਰਨੈਸ਼ਨਲ ਸਮਾਨ
ਮਿਠਾਈਆਂ ਅਤੇ ਸਨੈਕਸ
ਘਰੇਲੂ ਜ਼ਰੂਰਤਾਂ ਦਾ ਸਮਾਨ

FRESH PRODUCE
Wide variety of fresh fruits and vegetables daily.

INDIAN & INTERNATIONAL GROCERIES
Pulses, spices, rice, atta, oils, snacks, beverages & more.

SWEETS & SNACKS
Delicious Indian sweets, snacks and bakery items.

HOUSEHOLD ESSENTIALS
Daily use items for your home and kitchen.

FRIENDLY SERVICE
We treat every customer like family.

Visit Us Today! ਅੱਜ ਹੀ ਪਧਾਰੋ !

GROCERY SINGH
1825 Broadway
Everett, WA 98201

Thank you for supporting our local store!
ਸਾਡਾ ਸਾਥ ਦੇਣ ਲਈ ਤੁਹਾਡਾ ਧੰਨਵਾਦ!

BEST QUALITY EVERYDAY
GREAT PRICES
HAPPY CUSTOMERS
STRONG COMMUNITY

GOOD FOOD • GOOD PRICES • GOOD NEIGHBORS ਵਧੀਆ ਖਾਣਾ • ਵਧੀਆ ਕੀਮਤਾਂ • ਵਧੀਆ ਪੜੋਸੀ